BreastScreen Victoria

Punjabi | ਪੰਜਾਬੀ

# ਤੁਹਾਡੀ ਬ੍ਰੈਸਟ ਸਕ੍ਰੀਨਿੰਗ (ਛਾਤੀਆਂ ਦੀ ਛਾਣਬੀਣ) ਦੀ ਗਾਇਡ



**breastscreen.org.au**
'ਤੇ 10 ਮਿੰਟ ਦੀ ਛਾਤੀਆਂ ਦੀ ਮੁਫ਼ਤ ਸਕ੍ਰੀਨਿੰਗ ਔਨਲਾਈਨ ਬੁੱਕ ਕਰੋ ਜਾਂ **13 20 50** 'ਤੇ ਫ਼ੋਨ ਕਰੋ

## ਤੁਹਾਡੀ ਸਕ੍ਰੀਨਿੰਗ ਤੋਂ ਪਹਿਲਾਂ



- ਆਪਣੀ ਯਾਤਰਾ ਦੀ ਯੋਜਨਾ ਬਣਾਓ ਅਤੇ ਅੰਤਿਮ ਆਈ ਡੀ ਜਾਂਚਾਂ ਨੂੰ ਪੂਰਾ ਕਰਨ ਲਈ ਜਲਦੀ ਪਹੁੰਚੋ।
- ਸਹਿਮਤੀ ਅਤੇ ਨਾਮ ਦਰਜ ਕਰਨ ਵਾਲਾ (ਰਜਿਸਟ੍ਰੇਸ਼ਨ) ਫਾਰਮ ਭਰੋ, ਆਪਣੀ ਛਾਤੀਆਂ ਦੀ ਸਕ੍ਰੀਨਿੰਗ ਦੀ ਮੁਲਾਕਾਤ ਬਾਰੇ ਪ੍ਰਦਾਨ ਕੀਤੀ ਜਾਣਕਾਰੀ ਨੂੰ ਪੜ੍ਹੋ।

## ਤੁਹਾਡੀ ਸਕ੍ਰੀਨਿੰਗ ਸਮੇਂ



- ਤੁਹਾਨੂੰ ਆਪਣੀ ਕਮੀਜ਼ ਅਤੇ ਬ੍ਰਾਅ ਉਤਾਰਨ ਲਈ ਕਿਹਾ ਜਾਵੇਗਾ। ਜੇ ਤੁਸੀਂ ਗਾਉਨ ਪਹਿਨਣਾ ਚਾਹੁੰਦੇ ਹੋ ਤਾਂ ਇਹ ਉਪਲਬਧ ਹੈ।
- ਮਸ਼ੀਨ, ਐਕਸਰੇ ਲੈਣ ਲਈ ਤੁਹਾਡੀਆਂ ਛਾਤੀਆਂ ਨੂੰ ਮਜ਼ਬੂਤੀ ਨਾਲ ਦਬਾਵੇਗੀ।

## ਤੁਹਾਡੀ ਸਕ੍ਰੀਨਿੰਗ ਤੋਂ ਬਾਅਦ



- ਅਸੀਂ ਤੁਹਾਡੇ ਨਤੀਜੇ 2 ਤੋਂ 4 ਹਫ਼ਤਿਆਂ ਵਿੱਚ ਭੇਜਾਂਗੇ।
- ਹੋ ਸਕਦਾ ਹੈ ਕਿ ਤੁਹਾਨੂੰ ਅਗਲੇਰੀਆਂ ਜਾਂਚਾਂ ਲਈ ਵਾਪਸ ਆਉਣ ਦੀਲੋੜ ਪਵੇ, ਇਸ ਲਈ ਆਪਣੀ ਛਾਤੀਆਂ ਦੀ ਸਕ੍ਰੀਨਿੰਗ ਤੋਂ ਬਾਅਦ 6 ਹਫ਼ਤਿਆਂ ਲਈ ਯਾਤਰਾ ਕਰਨ ਤੋਂ ਪਰਹੇਜ਼ ਕਰੋ।

## 2 ਸਾਲ ਬਾਅਦ




- ਤੁਹਾਨੂੰ ਆਪਣੀ ਅਗਲੀ ਸਕ੍ਰੀਨਿੰਗ ਬੁੱਕ ਕਰਨ ਲਈ ਯਾਦ ਦਿਵਾਉਣ ਵਾਲਾ ਸੁਨੇਹਾ ਮਿਲੇਗਾ।

## ਸਾਡਾ ਪ੍ਰੋਗਰਾਮ

- ਮੁਫ਼ਤ ਹੈ
- ਔਰਤ ਰੇਡੀਓਗ੍ਰਾਫਰ ਦੁਆਰਾ ਕੀਤਾ ਜਾਂਦਾ ਹੈ
- ਇਸ ਨੂੰ ਕਰਨ ਵਿੱਚ ਲੱਗਭਗ 10 ਮਿੰਟ ਲੱਗਦੇ ਹਨ
- ਇਸ ਦੇ ਲਈ ਕਿਸੇ ਡਾਕਟਰ ਦੀ ਸਿਫਾਰਸ਼ੀ ਚਿੱਠੀ ਦੀ ਲੋੜ ਨਹੀਂ ਹੈ
- ਵਿਕਟੋਰੀਆ ਭਰ ਵਿੱਚ ਉਪਲਬਧ ਹੈ

## ਸਕ੍ਰੀਨਿੰਗ ਮਹੱਤਵਪੂਰਨ ਕਿਉਂ ਹੈ?

ਛਾਤੀਆਂ ਦੀ ਸਕ੍ਰੀਨਿੰਗ ਮਹੱਤਵਪੂਰਨ ਹੈ, ਕਿਉਂਕਿ ਇਹ ਅਕਸਰ ਕੋਈ ਲੱਛਣ ਦਿਖਾਈ ਦੇਣ ਤੋਂ ਪਹਿਲਾਂ ਹੀ ਛਾਤੀਆਂ ਦੇ ਕੈਂਸਰ ਦਾ ਜਲਦੀ ਪਤਾ ਲਗਾਉਣ ਵਿੱਚ ਮਦਦ ਕਰਦੀ ਹੈ। ਸ਼ੁਰੂਆਤੀ ਪੜਾਅ 'ਤੇ ਕੈਂਸਰ ਦਾ ਪਤਾ ਲਗਾਉਣਾ ਸਫ਼ਲ ਇਲਾਜ ਦੀ ਸੰਭਾਵਨਾ ਨੂੰ ਵਧਾਉਂਦਾ ਹੈ, ਘੱਟ ਤੀਬਰ ਦੇਖਭਾਲ ਦੀ ਜ਼ਰੂਰਤ ਹੋ ਸਕਦੀ ਹੈ, ਅਤੇ ਮੌਤ ਦੇ ਖ਼ਤਰੇ ਨੂੰ ਘਟਾ ਸਕਦਾ ਹੈ।

# ਤੁਹਾਡੀ ਛਾਤੀਆਂ ਦੀ ਸਕ੍ਰੀਨਿੰਗ ਤੋਂ ਪਹਿਲਾਂ

## BreastScreen Victoria ਕੌਣ ਹੈ?

BreastScreen Victoria, BreastScreen Australia ਦਾ ਇੱਕ ਮਾਨਤਾ ਪ੍ਰਾਪਤ ਹਿੱਸਾ ਹੈ – ਛਾਤੀਆਂ ਦੇ ਕੈਂਸਰ ਵਾਸਤੇ ਕੌਮੀ ਸਕ੍ਰੀਨਿੰਗ ਪ੍ਰੋਗਰਾਮ। ਅਸੀਂ ਛਾਤੀਆਂ ਦੇ ਕਿਸੇ ਲੱਛਣਾਂ ਤੋਂ ਬਿਨਾਂ 50 ਤੋਂ 74 ਸਾਲ ਦੀ ਉਮਰ ਦੇ ਵਿਕਟੋਰੀਆ ਵਾਸੀਆਂ ਨੂੰ ਹਰ 2 ਸਾਲਾਂ ਵਿੱਚ ਇੱਕ ਮੁਫ਼ਤ ਛਾਤੀਆਂ ਦੀ ਸਕ੍ਰੀਨਿੰਗ (ਮੈਮੋਗ੍ਰਾਮ) ਕਰਵਾਉਣ ਲਈ ਸੱਦਾ ਦਿੰਦੇ ਹਾਂ। 40 ਤੋਂ 49 ਸਾਲ ਅਤੇ 74 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਵੀ ਮੁਫ਼ਤ ਵਿੱਚ ਸਕ੍ਰੀਨਿੰਗ ਕਰਵਾ ਸਕਦੀਆਂ ਹਨ। ਹਾਲਾਂਕਿ, ਅਸੀਂ ਇਹ ਪੁਸ਼ਟੀ ਕਰਨ ਲਈ ਡਾਕਟਰ ਨਾਲ ਗੱਲ ਕਰਨ ਦੀ ਸਿਫਾਰਸ਼ ਕਰਦੇ ਹਾਂ ਕਿ ਕੀ ਵਿਅਕਤੀਗਤ ਸਿਹਤ ਕਾਰਕਾਂ ਦੇ ਅਧਾਰ ਤੇ ਛਾਤੀਆਂ ਦੀ ਸਕ੍ਰੀਨਿੰਗ ਸਹੀ ਵਿਕਲਪ ਹੈ ਜਾਂ ਨਹੀਂ।

## ਛਾਤੀਆਂ ਦੀ ਸਕ੍ਰੀਨਿੰਗ ਕੀ ਹੈ?

ਛਾਤੀਆਂ ਦੀ ਸਕ੍ਰੀਨਿੰਗ ਛਾਤੀਆਂ ਦਾ ਘੱਟ ਅਸਰ ਵਾਲਾ ਐਕਸਰੇ ਹੁੰਦਾ ਹੈ, ਜਿਸ ਦੀ ਸਿਫਾਰਸ਼ 50 ਸਾਲ ਤੋਂ ਲੈ ਕੇ 74 ਸਾਲਾਂ ਤੱਕ ਹਰ 2 ਸਾਲਾਂ ਬਾਅਦ ਕੀਤੀ ਜਾਂਦੀ ਹੈ। BreastScreen Victoria ਵਿਖੇ, ਅਸੀਂ ਰਵਾਇਤੀ ਤੌਰ 'ਤੇ ਹਰੇਕ ਛਾਤੀ ਦੇ ਦੋ ਐਕਸਰੇ ਲਵਾਂਗੇ – ਇੱਕ ਉੱਪਰੋਂ ਅਤੇ ਇੱਕ ਪਾਸੇ ਤੋਂ। ਛਾਤੀਆਂ ਦੀਆਂ ਸਕ੍ਰੀਨਿੰਗ ਉਨ੍ਹਾਂ ਕੈਂਸਰਾਂ ਦਾ ਪਤਾ ਲਗਾ ਸਕਦੀ ਹੈ, ਜੋ ਮਹਿਸੂਸ ਕਰਨ ਲਈ ਬਹੁਤ ਛੋਟੇ ਹੁੰਦੇ ਹਨ। ਜਿੰਨੀ ਜਲਦੀ ਕੈਂਸਰ ਲੱਭਿਆ ਜਾਂਦਾ ਹੈ, ਓਨਾ ਹੀ ਸਫ਼ਲ ਇਲਾਜ ਹੋਣ ਦੀ ਸੰਭਾਵਨਾ ਹੁੰਦੀ ਹੈ।

## ਕੀ ਛਾਤੀਆਂ ਦੀ ਸਕ੍ਰੀਨਿੰਗ ਸੁਰੱਖਿਅਤ ਹੈ?

ਹਰ ਵਾਰ ਜਦ ਵੀ ਤੁਹਾਡੀ ਛਾਤੀਆਂ ਦੀ ਸਕ੍ਰੀਨਿੰਗ ਹੁੰਦੀ ਹੈ, ਤਾਂ ਤੁਹਾਡੀਆਂ ਛਾਤੀਆਂ ਬਹੁਤ ਘੱਟ ਮਾਤਰਾ ਵਿੱਚ ਰੇਡੀਏਸ਼ਨ ਦੇ ਸੰਪਰਕ ਵਿੱਚ ਆਉਂਦੀਆਂ ਹਨ। ਖੋਜ ਦਰਸਾਉਂਦੀ ਹੈ ਕਿ ਕੈਂਸਰ ਨੂੰ ਜਲਦੀ ਲੱਭਣ ਵਿੱਚ ਛਾਤੀਆਂ ਦੀ ਸਕ੍ਰੀਨਿੰਗ ਦੇ ਲਾਭ ਕਿਸੇ ਵੀ ਰੇਡੀਏਸ਼ਨ ਦੇ ਖ਼ਤਰਿਆਂ ਤੋਂ ਵੱਧ ਹਨ।

## ਜੇ ਮੈਂ ਆਪਣੀਆਂ ਛਾਤੀਆਂ ਵਿੱਚ ਤਬਦੀਲੀਆਂ ਵੇਖਦੀ ਹਾਂ ਤਾਂ ਕੀ ਕਰਨਾ ਚਾਹੀਦਾ ਹੈ?

ਤੁਹਾਡੀਆਂ ਛਾਤੀਆਂ ਦੀ ਸਾਧਾਰਨ ਦਿੱਖ ਅਤੇ ਟੋਹਣ ਨੂੰ ਜਾਣਨਾ ਮਹੱਤਵਪੂਰਨ ਹੈ। ਜੇ ਤੁਸੀਂ ਆਪਣੀਆਂ ਛਾਤੀਆਂ ਵਿੱਚ ਕੋਈ ਤਬਦੀਲੀਆਂ ਵੇਖਦੇ ਹੋ, ਜਿਵੇਂ ਕਿ ਇੱਕ ਨਵੀਂ ਗੰਢ, ਨਿੱਪਲ ਵਿੱਚੋਂ ਤਰਲ ਵਗਣਾ ਜਾਂ ਲਾਲੀ, ਤਾਂ ਜਿੰਨੀ ਜਲਦੀ ਹੋ ਸਕੇ ਡਾਕਟਰ ਨੂੰ ਮਿਲੋ। ਕਿਰਪਾ ਕਰਕੇ BreastScreen Victoria 'ਤੇ ਨਾ ਜਾਓ।

## ਕੀ ਮੈਨੂੰ ਆਪਣੀਆਂ ਛਾਤੀਆਂ ਦੇ ਪਿਛਲੇ ਐਕਸਰੇ ਨਾਲ ਲਿਆਉਣ ਦੀ ਲੋੜ ਪਵੇਗੀ?

ਜੇ ਤੁਹਾਡੀ ਸਭ ਤੋਂ ਹਾਲੀਆ ਛਾਤੀਆਂ ਦੀ ਸਕ੍ਰੀਨਿੰਗ ਸਾਡੇ ਪ੍ਰੋਗਰਾਮ ਤੋਂ ਬਾਹਰ ਪੂਰੀ ਹੋਈ ਸੀ, ਤਾਂ ਅਸੀਂ ਤੁਹਾਡੀ ਸਹਿਮਤੀ ਨਾਲ ਪ੍ਰਦਾਤੇ ਕੋਲੋਂ ਇਨ੍ਹਾਂ ਐਕਸਰਿਆਂ ਲਈ ਬੇਨਤੀ ਕਰਾਂਗੇ। ਇਹ ਮਹੱਤਵਪੂਰਨ ਹੈ ਕਿ ਸਾਡੇ ਕੋਲ ਤੁਹਾਡੀਆਂ ਛਾਤੀਆਂ ਦੇ ਪਿਛਲੇ ਐਕਸਰਿਆਂ ਦੀ ਨਕਲ ਹੋਵੇ, ਤਾਂ ਜੋ ਅਸੀਂ ਇਨ੍ਹਾਂ ਦੀ ਤੁਲਨਾ ਕਰ ਸਕੀਏ ਅਤੇ ਇਹ ਯਕੀਨੀ ਬਣਾ ਸਕੀਏ, ਕਿ ਕੋਈ ਮਹੱਤਵਪੂਰਨ ਤਬਦੀਲੀਆਂ ਨਹੀਂ ਹੋਈਆਂ ਹਨ।

## ਕੀ ਮੈਨੂੰ ਆਪਣੇ ਪਰਿਵਾਰਕ ਇਤਿਹਾਸ ਨੂੰ ਸਾਂਝਾ ਕਰਨ ਦੀ ਲੋੜ ਪਵੇਗੀ?

ਅਸੀਂ ਛਾਤੀਆਂ ਅਤੇ ਅੰਡਕੋਸ਼ ਦੇ ਕੈਂਸਰ ਦੇ ਤੁਹਾਡੇ ਪਰਿਵਾਰਕ ਇਤਿਹਾਸ ਬਾਰੇ ਜਾਣਕਾਰੀ ਇਕੱਠੀ ਕਰਦੇ ਹਾਂ, ਤਾਂ ਜੋ ਅਸੀਂ ਛਾਤੀਆਂ ਦੇ ਕੈਂਸਰ ਦੇ ਵਿਕਸਤ ਹੋਣ ਦੇ ਤੁਹਾਡੇ ਨਿੱਜੀ ਖ਼ਤਰੇ ਦਾ ਅੰਦਾਜ਼ਾ ਲਗਾ ਸਕੀਏ।

ਆਪਣੇ ਨਾਮ ਦਰਜ ਕਰਨ ਵਾਲੇ ਫਾਰਮ ਨੂੰ ਭਰਨ ਤੋਂ ਪਹਿਲਾਂ, ਕਿਰਪਾ ਕਰਕੇ ਆਪਣੇ ਪਰਿਵਾਰਕ ਇਤਿਹਾਸ ਬਾਰੇ ਆਪਣੇ ਪਰਿਵਾਰ ਨਾਲ ਗੱਲ ਕਰੋ। ਵਧੇਰੇ ਜਾਣਕਾਰੀ ਲਈ, breastscreen.org.au/family-history ‘ਤੇ ਜਾਓ।

## ਜੇ ਮੇਰੀਆਂ ਛਾਤੀਆਂ ਵਿੱਚ ਇੰਪਲਾਂਟ ਲੱਗੇ ਹੋਏ ਹਨ ਤਾਂ ਕੀ ਹੋਵੇਗਾ?

ਇੰਪਲਾਂਟ ਵਾਲੇ ਜ਼ਿਆਦਾਤਰ ਲੋਕਾਂ ਦੀ ਛਾਤੀਆਂ ਦੀਆਂ ਸਕ੍ਰੀਨਿੰਗ ਹੋ ਸਕਦੀ ਹੈ। ਕਿਰਪਾ ਕਰਕੇ ਇੰਪਲਾਂਟ ਦੇ ਨਾਲ ਛਾਤੀਆਂ ਦੀ ਸਕ੍ਰੀਨਿੰਗ (*Breast screening with implants)* ਸਿਰਲੇਖ ਵਾਲੀ ਤੱਥ ਸ਼ੀਟ ਨੂੰ breastscreen.org.au/breastimplants ‘ਤੇ ਪੜ੍ਹੋ।

ਅਸੀਂ ਤੁਹਾਨੂੰ ਤੁਹਾਡੇ ਇੰਪਲਾਂਟ ਨਾਲ ਜੁੜੀਆਂ ਸਮੱਸਿਆਵਾਂ ਬਾਰੇ ਸਲਾਹ ਨਹੀਂ ਦੇਵਾਂਗੇ। ਜੇ ਤੁਹਾਨੂੰ ਕੋਈ ਸਮੱਸਿਆ ਨਜ਼ਰ ਆਉਂਦੀ ਹੈ, ਜਾਂ ਤੁਸੀਂ ਆਪਣੇ ਇੰਪਲਾਂਟ ਬਾਰੇ ਚਿੰਤਤ ਹੋ, ਤਾਂ ਕਿਰਪਾ ਕਰਕੇ ਜਿੰਨੀ ਜਲਦੀ ਹੋ ਸਕੇ ਡਾਕਟਰ ਨੂੰ ਮਿਲੋ।

## ਮੈਨੂੰ ਆਪਣੀ ਮੁਲਾਕਾਤ ਮੌਕੇ ਕੀ ਪਹਿਨਣਾ ਚਾਹੀਦਾ ਹੈ?

ਦੋ ਵੱਖਰੇ ਕੱਪੜੇ ਪਹਿਨੋ, ਜਿਵੇਂ ਕਿ ਸਕਰਟ ਜਾਂ ਪੈਂਟ ਦੇ ਨਾਲ ਕਮੀਜ਼, ਤਾਂ ਜੋ ਤੁਸੀਂ ਸਾਰੇ ਕੱਪੜੇ ਬਦਲੇ ਬਿਨਾਂ, ਲੋੜ ਪੈਣ ‘ਤੇ ਸਿਰਫ ਕਮੀਜ਼ ਨੂੰ ਉਤਾਰ ਸਕੋ। ਕਿਰਪਾ ਕਰਕੇ ਘੱਟੋ-ਘੱਟ ਗਹਿਣੇ ਪਹਿਨੋ। ਜੇ ਤੁਹਾਡੇ ਵਾਲ ਲੰਬੇ ਹਨ, ਤਾਂ ਕਿਰਪਾ ਕਰਕੇ ਵਾਲ ਬੰਨ੍ਹਣ ਵਾਲੀ ਰਬੜ ਨਾਲ ਲਿਆਓ ਜਾਂ ਆਪਣੇ ਵਾਲਾਂ ਨੂੰ ਉੱਪਰ ਕਰਕੇ ਬੰਨ੍ਹੋ।

## ਜੇ ਮੈਂ ਆਪਣੀਆਂ ਛਾਤੀਆਂ ਦੀ ਸਕ੍ਰੀਨਿੰਗ ਤੋਂ ਥੋੜ੍ਹੀ ਦੇਰ ਬਾਅਦ ਯਾਤਰਾ ਕਰਨ ਦੀ ਯੋਜਨਾ ਬਣਾ ਰਹੀ ਹਾਂ ਤਾਂ ਕੀ ਹੋਵੇਗਾ?

ਜੇ ਤੁਹਾਨੂੰ ਅਗਲੇਰੀਆਂ ਜਾਂਚਾਂ ਵਾਸਤੇ ਵਾਪਸ ਆਉਣ ਲਈ ਕਿਹਾ ਜਾਂਦਾ ਹੈ, ਤਾਂ ਅਸੀਂ ਤੁਹਾਨੂੰ ਸੁਝਾਅ ਦਿੰਦੇ ਹਾਂ ਕਿ ਤੁਸੀਂ ਆਪਣੀ ਛਾਤੀਆਂ ਦੀ ਸਕ੍ਰੀਨਿੰਗ ਦੀ ਮੁਲਾਕਾਤ ਦੇ ਬਾਅਦ ਘੱਟੋ ਘੱਟ 6 ਹਫ਼ਤਿਆਂ ਵਾਸਤੇ ਸਾਰੀਆਂ ਯਾਤਰਾਵਾਂ ਤੋਂ ਪਰਹੇਜ਼ ਕਰੋ।



# ਤੁਹਾਡੀ ਛਾਤੀਆਂ ਦੀ ਸਕ੍ਰੀਨਿੰਗ ਸਮੇਂ



## ਮੇਰੀ ਮੁਲਾਕਾਤ ਮੌਕੇ ਕੀ ਵਾਪਰੇਗਾ?

ਰਿਸੈਪਸ਼ਨਿਸਟ ਤੁਹਾਡਾ ਸਵਾਗਤ ਕਰੇਗੀ, ਅਤੇ ਤੁਹਾਡੇ ਵੇਰਵਿਆਂ ਦੀ ਪੁਸ਼ਟੀ ਕਰੇਗੀ। ਇੱਕ ਵਾਰ ਜਦ ਤੁਹਾਡੇ ਵੇਰਵਿਆਂ ਦੀ ਪੁਸ਼ਟੀ ਹੋ ਜਾਂਦੀ ਹੈ, ਤਾਂ ਇੱਕ ਔਰਤ ਰੇਡੀਓਗ੍ਰਾਫਰ ਤੁਹਾਨੂੰ ਮੈਮੋਗਰਾਫੀ ਵਾਲੇ ਕਮਰੇ ਵਿੱਚ ਲੈ ਜਾਵੇਗੀ। ਰੇਡੀਓਗ੍ਰਾਫਰ ਜਾਂਚ ਦੇ ਬਾਰੇ ਸਮਝਾਵੇਗੀ। ਫਿਰ ਤੁਹਾਨੂੰ ਆਪਣੀ ਕਮੀਜ਼ ਅਤੇ ਬ੍ਰਾਅ ਨੂੰ ਉਤਾਰਨ ਲਈ ਕਿਹਾ ਜਾਵੇਗਾ। ਜੇ ਤੁਸੀਂ ਗਾਉਨ ਪਹਿਨਣਾ ਚਾਹੁੰਦੇ ਹੋ ਤਾਂ ਇਹ ਉਪਲਬਧ ਹੈ।

ਰੇਡੀਓਗ੍ਰਾਫਰ ਤੁਹਾਨੂੰ ਤੁਹਾਡੀਆਂ ਛਾਤੀਆਂ ਨੂੰ ਸਕ੍ਰੀਨਿੰਗ ਕਰਨ ਲਈ ਮਸ਼ੀਨ ਵਿੱਚ ਟਿਕਾਏਗੀ, ਜਿਸ ਲਈ ਉਸ ਨੂੰ ਤੁਹਾਡੀਆਂ ਛਾਤੀਆਂ ਨੂੰ ਛੂਹਣ ਅਤੇ ਤੁਹਾਡੇ ਸਰੀਰ ਨੂੰ ਹਿਲਾਉਣ ਦੀ ਜ਼ਰੂਰਤ ਹੁੰਦੀ ਹੈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਹਰੇਕ ਛਾਤੀ ਸਪੱਸ਼ਟ ਚਿੱਤਰ ਖਿੱਚਣ ਲਈ ਸਹੀ ਸਥਿਤੀ ਵਿੱਚ ਹੈ। ਹਰੇਕ ਛਾਤੀ ਦੇ ਦੋ ਚਿੱਤਰ, ਪਾਸੇ ਤੋਂ ਅਤੇ ਉਪਰੋਂ ਲਏ ਜਾਂਦੇ ਹਨ। ਵਾਧੂ ਚਿੱਤਰਾਂ ਦੀ ਲੋੜ ਪੈ ਸਕਦੀ ਹੈ।

## ਕੀ ਮੈਂ ਰੇਡੀਓਗ੍ਰਾਫਰ ਨਾਲ ਗੱਲ ਕਰ ਸਕਦੀ ਹਾਂ?

ਆਪਣੀ ਮੁਲਾਕਾਤ ਦੌਰਾਨ ਕਿਸੇ ਵੀ ਸਮੇਂ ਰੇਡੀਓਗਰਾਫਰ ਨਾਲ ਗੱਲ ਕਰਨ ਲਈ ਤੁਹਾਡਾ ਸਵਾਗਤ ਹੈ। ਉਹ ਕਿਸੇ ਵੀ ਸਵਾਲਾਂ ਦਾ ਜਵਾਬ ਦੇਣ ਜਾਂ ਤੁਹਾਡੀਆਂ ਕਿਸੇ ਵੀ ਸੰਭਾਵੀ ਚਿੰਤਾਵਾਂ ਦਾ ਹੱਲ ਕਰਨ ਵਿੱਚ ਖੁਸ਼ ਹੋਣਗੀਆਂ।

## ਕੀ ਛਾਤੀਆਂ ਦੀ ਸਕ੍ਰੀਨਿੰਗ ਸਮੇਂ ਦਰਦ ਹੋਵੇਗਾ?

ਆਪਣੀਆਂ ਛਾਤੀਆਂ ਦੀ ਸਕ੍ਰੀਨਿੰਗ ਦੌਰਾਨ ਬੇਆਰਾਮੀ ਮਹਿਸੂਸ ਕਰਨਾ ਆਮ ਗੱਲ ਹੈ, ਪਰ ਇਹ ਕੇਵਲ ਕੁਝ ਸਕਿੰਟਾਂ ਤੱਕ ਹੀ ਹੋਣੀ ਚਾਹੀਦੀ ਹੈ। ਇਹ ਇਸ ਕਰਕੇ ਹੈ ਕਿਉਂਕਿ ਤੁਹਾਡੀਆਂ ਛਾਤੀਆਂ ਨੂੰ ਮੈਮੋਗਰਾਮ ਮਸ਼ੀਨ ‘ਤੇ ਦੋ ਪਲੇਟਾਂ ਵਿਚਕਾਰ ਮਜ਼ਬੂਤੀ ਨਾਲ ਦਬਾਉਣ ਦੀ ਲੋੜ ਹੁੰਦੀ ਹੈ, ਤਾਂ ਜੋ ਅਸੀਂ ਸਪੱਸ਼ਟ ਐਕਸਰੇ ਲੈ ਸਕੀਏ। ਜੇ ਤੁਸੀਂ ਕੋਈ ਦਰਦ ਮਹਿਸੂਸ ਕਰਦੇ ਹੋ ਤਾਂ ਕਿਰਪਾ ਕਰਕੇ ਆਪਣੀ ਰੇਡੀਓਗ੍ਰਾਫਰ ਨੂੰ ਦੱਸੋ। ਉਹ ਇਹ ਯਕੀਨੀ ਬਣਾਉਣ ਲਈ ਤੁਹਾਡੇ ਨਾਲ ਕੰਮ ਕਰਨਗੀਆਂ ਕਿ ਤੁਹਾਡੀ ਛਾਤੀਆਂ ਦੀ ਸਕ੍ਰੀਨਿੰਗ ਵੱਧ ਤੋਂ ਵੱਧ ਸੰਭਵ ਹੱਦ ਤੱਕ ਆਰਾਮਦਾਇਕ ਹੋਵੇ। ਤੁਸੀਂ ਕਿਸੇ ਵੀ ਸਮੇਂ ਛਾਤੀਆਂ ਦੀ ਸਕ੍ਰੀਨਿੰਗ ਨੂੰ ਬੰਦ ਕਰਨ ਲਈ ਕਹਿ ਸਕਦੇ ਹੋ।

## ਕੀ ਤੁਹਾਨੂੰ ਮੇਰੀਆਂ ਛਾਤੀਆਂ ਨੂੰ ਦਬਾਉਣ ਦੀ ਜ਼ਰੂਰਤ ਹੋਏਗੀ?

ਬਹੁਤ ਸਾਰੇ ਮਹੱਤਵਪੂਰਨ ਕਾਰਨ ਹਨ, ਕਿ ਸਾਨੂੰ ਛਾਤੀਆਂ ਦੀ ਸਕ੍ਰੀਨਿੰਗ ਦੌਰਾਨ ਤੁਹਾਡੀਆਂ ਛਾਤੀਆਂ ਨੂੰ ਦਬਾਉਣਾ ਜ਼ਰੂਰੀ ਹੈ। ਦਬਾਅ ਛਾਤੀਆਂ ਨੂੰ ਸਥਿਰ ਰੱਖਦਾ ਹੈ ਅਤੇ ਹਿੱਲ-ਜੁੱਲ ਨੂੰ ਘਟਾਉਂਦਾ ਹੈ, ਛਾਤੀ ਦੇ ਟਿਸ਼ੂਆਂ ਨੂੰ ਫੈਲਾਉਂਦਾ ਹੈ ਅਤੇ ਵੱਖ-ਵੱਖ ਕਰਦਾ ਹੈ, ਤਾਂ ਜੋ ਅਸੀਂ ਸਪੱਸ਼ਟ ਐਕਸਰੇ ਲੈ ਸਕੀਏ। ਇਹ ਹਰੇਕ ਐਕਸਰੇ ਲਈ ਲੋੜੀਂਦੀ ਰੇਡੀਏਸ਼ਨ ਦੀ ਮਾਤਰਾ ਨੂੰ ਵੀ ਘਟਾਉਂਦਾ ਹੈ।

# ਤੁਹਾਡੀ ਛਾਤੀਆਂ ਦੀ ਸਕ੍ਰੀਨਿੰਗ ਤੋਂ ਬਾਅਦ

## ਮੈਨੂੰ ਮੇਰੇ ਨਤੀਜੇ ਕਦੋਂ ਮਿਲਣਗੇ?

ਤੁਹਾਡੇ ਛਾਤੀਆਂ ਦੇ ਐਕਸਰਿਆਂ ਦੀ ਸੁਤੰਤਰ ਤੌਰ 'ਤੇ ਘੱਟੋ ਘੱਟ ਦੋ ਵਾਰ ਸਮੀਖਿਆ ਕੀਤੀ ਜਾਵੇਗੀ। ਜੇ ਤੁਸੀਂ ਸਾਡੀ ਸਮੀਖਿਆ ਦੀ ਪਰਖ ਵਿੱਚ ਹਿੱਸਾ ਲੈਂਦੇ ਹੋ, ਤਾਂ ਤੁਹਾਡੇ ਚਿੱਤਰਾਂ ਦੀ ਸਮੀਖਿਅਕ ਸੌਫਟਵੇਅਰ ਅਤੇ ਘੱਟੋ ਘੱਟ ਇੱਕ ਵਿਸ਼ੇਸ਼ ਸਿਖਲਾਈ ਪ੍ਰਾਪਤ ਡਾਕਟਰ (ਰੇਡੀਓਲੋਜਿਸਟ) ਦੁਆਰਾ ਕੀਤੀ ਜਾ ਸਕਦੀ ਹੈ। ਨਤੀਜੇ 2 ਤੋਂ 4 ਹਫ਼ਤਿਆਂ ਦਾ ਸਮਾਂ ਲੈਣਗੇ। ਇੱਕ ਨਕਲ ਤੁਹਾਡੇ ਨਾਮਜ਼ਦ ਡਾਕਟਰ ਨੂੰ ਭੇਜੀ ਜਾਵੇਗੀ। ਤੁਹਾਨੂੰ ਆਪਣੀ ਅਗਲੀ ਮੁਲਾਕਾਤ ਵਾਸਤੇ ਯਾਦ ਦਿਵਾਉਣ ਵਾਲਾ ਸੁਨੇਹਾ ਮਿਲੇਗਾ।

## ਕੀ ਮੈਨੂੰ ਹੋਰ ਜਾਂਚਾਂ ਵਾਸਤੇ ਵਾਪਸ ਆਉਣ ਲਈ ਕਿਹਾ ਜਾਵੇਗਾ?

ਜੇ ਤੁਹਾਡੀਆਂ ਛਾਤੀਆਂ ਦੇ ਐਕਸਰਿਆਂ ਵਿੱਚ ਕੋਈ ਖੇਤਰ ਹੈ ਜਿਸ ਲਈ ਅਗਲੇਰੀ ਸਕ੍ਰੀਨਿੰਗ ਦੀ ਲੋੜ ਹੈ, ਤਾਂ ਅਸੀਂ ਤੁਹਾਨੂੰ ਹੋਰ ਜਾਂਚਾਂ ਵਾਸਤੇ ਵਾਪਸ ਆਉਣ ਲਈ ਕਹਿ ਸਕਦੇ ਹਾਂ। ਜ਼ਿਆਦਾਤਰ ਗਾਹਕਾਂ, ਜਿੰਨ੍ਹਾਂ ਨੂੰ ਵਾਪਸ ਬੁਲਾਇਆ ਜਾਂਦਾ ਹੈ, ਉਨ੍ਹਾਂ ਨੂੰ ਛਾਤੀਆਂ ਦਾ ਕੈਂਸਰ ਨਹੀਂ ਹੁੰਦਾ ਹੈ। ਜੇ ਇਹ ਤੁਹਾਡੀ ਪਹਿਲੀ ਛਾਤੀਆਂ ਦੀ ਸਕ੍ਰੀਨਿੰਗ ਹੈ, ਤਾਂ ਤੁਹਾਨੂੰ ਵਾਪਸ ਬੁਲਾਏ ਜਾਣ ਦੀ ਸੰਭਾਵਨਾ ਵਧੇਰੇ ਹੈ ਕਿਉਂਕਿ ਸਾਡੇ ਕੋਲ ਤੁਲਨਾ ਕਰਨ ਲਈ ਰਿਕਾਰਡ ਵਿੱਚ ਕੋਈ ਐਕਸਰੇ ਨਹੀਂ ਹੋਣਗੇ।

## ਮੈਨੂੰ ਹੋਰ ਜਾਂਚਾਂ ਵਾਸਤੇ ਕਿੱਥੇ ਜਾਣ ਦੀ ਲੋੜ ਪਵੇਗੀ?

ਅਗਲੇਰੀਆਂ ਜਾਂਚਾਂ ਤੁਹਾਡੀ ਛਾਤੀਆਂ ਦੀ ਸਕ੍ਰੀਨਿੰਗ ਦੇ ਮੁਲਾਕਾਤਾਂ ਤੋਂ ਬਾਅਦ ਕਿਸੇ ਵੱਖਰੀ ਜਗ੍ਹਾ 'ਤੇ ਕੀਤੀਆਂ ਜਾ ਸਕਦੀਆਂ ਹਨ। ਸਾਡੇ ਕੋਲ ਰਾਜ ਭਰ ਵਿੱਚ ਵਿਸ਼ੇਸ਼ ਮੁਲਾਂਕਣ ਕਲੀਨਿਕ ਹਨ, ਜੋ ਲੋੜੀਂਦੀ ਕਿਸੇ ਵੀ ਵਾਧੂ ਜਾਂਚ ਕਰਨ ਲਈ ਤਕਨਾਲੋਜੀ ਨਾਲ ਲੈਸ ਹਨ।

## ਕੀ ਛਾਤੀਆਂ ਦੀ ਸਕ੍ਰੀਨਿੰਗ ਸਾਰੇ ਕੈਂਸਰਾਂ ਨੂੰ ਲੱਭ ਲਵੇਗੀ?

ਸ਼ੁਰੂਆਤੀ ਪੜਾਅ 'ਤੇ ਛਾਤੀਆਂ ਦੇ ਕੈਂਸਰ ਦਾ ਪਤਾ ਲਗਾਉਣ ਦਾ ਸਭ ਤੋਂ ਵਧੀਆ ਤਰੀਕਾ ਛਾਤੀਆਂ ਦੀ ਸਕ੍ਰੀਨਿੰਗ ਹੈ। ਹਾਲਾਂਕਿ, ਉਹ 100% ਸਹੀ ਨਹੀਂ ਹਨ। ਇਸ ਗੱਲ ਦੀ ਥੋੜ੍ਹੀ ਜਿਹੀ ਸੰਭਾਵਨਾ ਹੈ ਕਿ ਛਾਤੀਆਂ ਦੇ ਐਕਸਰੇ ਸਾਧਾਰਨ ਦਿਖਾਈ ਦੇਣਗੇ, ਭਾਂਵੇਂ ਕਿ ਛਾਤੀਆਂ ਦਾ ਕੈਂਸਰ ਮੌਜੂਦ ਵੀ ਹੋਵੇ।

## ਕੀ ਮੈਨੂੰ ਮੇਰੀ ਛਾਤੀਆਂ ਦੀ ਘਣਤਾ ਬਾਰੇ ਦੱਸਿਆ ਜਾਵੇਗਾ?

ਹਾਂ, ਤੁਹਾਨੂੰ ਤੁਹਾਡੇ ਨਤੀਜਿਆਂ ਦੇ ਨਾਲ ਤੁਹਾਡੀ ਛਾਤੀਆਂ ਦੀ ਘਣਤਾ ਦੀ ਸ਼੍ਰੇਣੀ ਬਾਰੇ ਸੂਚਿਤ ਕੀਤਾ ਜਾਵੇਗਾ।

ਛਾਤੀਆਂ ਦੀ ਘਣਤਾ ਬਾਰੇ ਵਧੇਰੇ ਜਾਣਕਾਰੀ ਵਾਸਤੇ breastscreen.org.au/breastdensity 'ਤੇ ਜਾਓ ਜਾਂ ਤੱਥ ਸ਼ੀਟ ਦੀ ਬੇਨਤੀ ਕਰਨ ਲਈ 13 20 50 'ਤੇ ਫ਼ੋਨ ਕਰੋ।

# 2 ਸਾਲ ਬਾਅਦ

## ਜਦੋਂ ਮੇਰੀ ਛਾਤੀਆਂ ਦੀ ਸਕ੍ਰੀਨਿੰਗ ਦੀ ਅਗਲੀ ਵਾਰੀ ਆਉਂਦੀ ਹੈ ਤਾਂ ਕੀ ਹੁੰਦਾ ਹੈ?

50 ਤੋਂ 74 ਸਾਲ ਦੀ ਉਮਰ ਵਿਚਕਾਰ ਹਰ 2 ਸਾਲਾਂ ਬਾਅਦ ਛਾਤੀਆਂ ਦੀ ਸਕ੍ਰੀਨਿੰਗ ਕਰਨਾ, ਛਾਤੀਆਂ ਦੇ ਕੈਂਸਰ ਦਾ ਜਲਦੀ ਪਤਾ ਲਗਾਉਣ ਦਾ ਸਭ ਤੋਂ ਵਧੀਆ ਤਰੀਕਾ ਹੈ। ਜਦੋਂ ਤੁਹਾਡੀ ਛਾਤੀਆਂ ਦੀ ਅਗਲੀ ਸਕ੍ਰੀਨਿੰਗ ਦੀ ਵਾਰੀ ਆਉਂਦੀ ਹੈ, ਤਾਂ ਅਸੀਂ ਤੁਹਾਨੂੰ ਯਾਦ ਦਿਵਾਉਣ ਵਾਲਾ ਸੁਨੇਹਾ ਭੇਜਾਂਗੇ। ਜੇ ਤੁਸੀਂ 40 ਤੋਂ 49 ਸਾਲ ਦੀ ਉਮਰ ਦੇ ਹੋ, ਅਤੇ 74 ਸਾਲ ਤੋਂ ਵੱਧ ਉਮਰ ਦੇ ਹੋ, ਤਾਂ ਤੁਹਾਨੂੰ ਯਾਦ ਦਿਵਾਉਣ ਵਾਲਾ ਸੁਨੇਹੇ ਨਹੀਂ ਮਿਲਣਗੇ, ਇਸ ਲਈ ਕਿਰਪਾ ਕਰਕੇ ਇਹ ਯਕੀਨੀ ਬਣਾਓ ਕਿ ਇਸ ਜਾਣਕਾਰੀ ਨੂੰ ਅਜਿਹੇ ਤਰੀਕੇ ਨਾਲ ਇਕੱਠਾ ਕੀਤਾ ਗਿਆ ਹੈ, ਜੋ ਤੁਹਾਡੇ ਲਈ ਸਭ ਤੋਂ ਵਧੀਆ ਕੰਮ ਕਰਦੀ ਹੈ।

## ਛਾਤੀਆਂ ਦੀਆਂ ਸਕ੍ਰੀਨਿੰਗਾਂ ਦੇ ਵਿਚਕਾਰ ਮੈਨੂੰ ਕੀ ਕਰਨਾ ਚਾਹੀਦਾ ਹੈ?

ਛਾਤੀਆਂ ਦਾ ਕੈਂਸਰ ਕਿਸੇ ਵੀ ਸਮੇਂ ਵਿਕਸਤ ਹੋ ਸਕਦਾ ਹੈ। ਭਾਵੇਂ ਤੁਹਾਡੀ ਹਰ 2 ਸਾਲਾਂ ਬਾਅਦ ਛਾਤੀਆਂ ਦੀ ਸਕ੍ਰੀਨਿੰਗ ਹੁੰਦੀ ਹੈ, ਇਹ ਮਹੱਤਵਪੂਰਨ ਹੈ ਕਿ ਤੁਸੀਂ ਬਕਾਇਦਾ ਖੁਦ ਦੀਆਂ ਜਾਂਚਾਂ ਰਾਹੀਂ ਆਪਣੀਆਂ ਛਾਤੀਆਂ ਦੀ ਸਾਧਾਰਨ ਦਿੱਖ ਅਤੇ ਛੂਹ ਨੂੰ ਜਾਣੋ। ਜੇ ਤੁਸੀਂ ਆਪਣੀਆਂ ਛਾਤੀਆਂ ਵਿੱਚ ਕੋਈ ਗੈਰ-ਸਾਧਾਰਨ ਤਬਦੀਲੀਆਂ ਦੇਖਦੇ ਹੋ, ਜਿਵੇਂ ਕਿ ਨਵੀਂ ਗੰਢ, ਨਿੱਪਲ ਤੋਂ ਤਰਲ ਵਗਣਾ, ਲਾਲੀ ਜਾਂ ਦਰਦ ਜੋ ਦੂਰ ਨਹੀਂ ਹੁੰਦਾ, ਤਾਂ ਤੁਰੰਤ ਡਾਕਟਰ ਨੂੰ ਮਿਲੋ।

ਵਧੇਰੇ ਜਾਣਨ ਲਈ, breastscreen.org.au/breastsymptoms 'ਤੇ ਸਾਡੇ ਛਾਤੀਆਂ ਦੇ ਲੱਛਣਾਂ ਦੇ ਸਰੋਤ 'ਤੇ ਜਾਓ।



# ਜੇ ਅਗਲੇਰੀਆਂ ਜਾਂਚਾਂ ਦੀ ਲੋੜ ਪੈਂਦੀ ਹੈ ਤਾਂ ਕੀ ਵਾਪਰਦਾ ਹੈ?

## ਮੈਨੂੰ ਅਗਲੇਰੀਆਂ ਜਾਂਚਾਂ ਵਾਸਤੇ ਵਾਪਸ ਆਉਣ ਲਈ ਕਿਉਂ ਕਿਹਾ ਗਿਆ ਹੈ?

ਅਸੀਂ ਤੁਹਾਨੂੰ ਹੋਰ ਜਾਂਚਾਂ ਵਾਸਤੇ ਵਾਪਸ ਆਉਣ ਲਈ ਕਿਹਾ ਹੈ ਕਿਉਂਕਿ ਤੁਹਾਡੀ ਛਾਤੀਆਂ ਦੀ ਸਕ੍ਰੀਨਿੰਗ (ਮੈਮੋਗਰਾਮ) ਵਿੱਚ ਇੱਕ ਖੇਤਰ ਹੈ ਜਿਸ ਦੀ ਹੋਰ ਸਕ੍ਰੀਨਿੰਗ ਦੀ ਲੋੜ ਹੈ। ਇਹ ਸਾਡੀ ਮੁਲਾਂਕਣ ਪ੍ਰਕਿਰਿਆ ਦਾ ਹਿੱਸਾ ਹੈ।

ਸਾਡੇ ਕੋਲ ਰਾਜ ਭਰ ਵਿੱਚ ਕਈ ਮੁਲਾਂਕਣ ਕਲੀਨਿਕ ਹਨ। ਇਹ ਸੰਭਾਵਨਾ ਹੈ ਕਿ ਤੁਹਾਡਾ ਮੁਲਾਂਕਣ ਕਲੀਨਿਕ ਉਸ ਕਲੀਨਿਕ ਤੋਂ ਵੱਖਰਾ ਹੋਵੇਗਾ ਜਿੱਥੇ ਤੁਸੀਂ ਆਪਣੀ ਛਾਤੀਆਂ ਦੀ ਸਕ੍ਰੀਨਿੰਗ ਕਰਵਾਉਣ ਲਈ ਹਾਜ਼ਰੀ ਭਰੀ ਸੀ।

ਜ਼ਿਆਦਾਤਰ ਗਾਹਕਾਂ ਜਿੰਨ੍ਹਾਂ ਨੂੰ ਅਗਲੇਰੀਆਂ ਜਾਂਚਾਂ ਵਾਸਤੇ ਵਾਪਸ ਬੁਲਾਇਆ ਜਾਂਦਾ ਹੈ, ਉਨ੍ਹਾਂ ਨੂੰ ਛਾਤੀਆਂ ਦਾ ਕੈਂਸਰ ਨਹੀਂ ਹੁੰਦਾ।

## ਕੀ ਅਗਲੇਰੀਆਂ ਜਾਂਚਾਂ ਵਿੱਚ ਕੋਈ ਲਾਗਤ ਸ਼ਾਮਲ ਹੈ?

ਪ੍ਰੋਗਰਾਮ ਦੇ ਅੰਦਰ ਕਰਵਾਈਆਂ ਗਈਆਂ ਸਾਰੀਆਂ ਜਾਂਚਾਂ ਮੁਫ਼ਤ ਹਨ।

## ਆਪਣੀ ਮੁਲਾਕਾਤ ਤੋਂ ਪਹਿਲਾਂ ਮੈਂ ਕਿਸ ਨਾਲ ਗੱਲ ਕਰ ਸਕਦੀ ਹਾਂ?

ਤੁਸੀਂ ਆਪਣੀ ਮੁਲਾਕਾਤ ਤੋਂ ਪਹਿਲਾਂ ਕਿਸੇ ਸਿਖਲਾਈ ਪ੍ਰਾਪਤ ਨਰਸ ਸਲਾਹਕਾਰ ਨਾਲ ਗੱਲ ਕਰ ਸਕਦੀ ਹੋ।

ਅਸੀਂ ਆਪਣੀਆਂ ਚਿੱਠੀਆਂ ਵਿੱਚ ਸੰਬੰਧਿਤ ਫ਼ੋਨ ਨੰਬਰ ਲਿਖਦੇ ਹਾਂ।

## ਮੇਰੀ ਮੁਲਾਕਾਤ ਮੌਕੇ ਕੀ ਵਾਪਰੇਗਾ?

ਪਹੁੰਚਣ 'ਤੇ, ਤੁਹਾਨੂੰ ਇੱਕ ਟੀਮ ਮੈਂਬਰ ਮਿਲੇਗਾ ਜੋ ਇਸ ਪ੍ਰਕਿਰਿਆ ਬਾਰੇ ਸਮਝਾਏਗਾ।

ਤੁਹਾਨੂੰ ਸਹਿਮਤੀ ਫਾਰਮ ਨੂੰ ਪੜ੍ਹਨ ਅਤੇ ਦਸਤਖ਼ਤ ਕਰਨ ਲਈ ਕਿਹਾ ਜਾਵੇਗਾ, ਤਾਂ ਜੋ ਟੀਮ ਲੋੜੀਂਦੀਆਂ ਜਾਂਚਾਂ ਨੂੰ ਪੂਰਾ ਕਰ ਸਕੇ।

ਮਾਹਰਾਂ ਦੀ ਟੀਮ ਤੁਹਾਡੀਆਂ ਛਾਤੀਆਂ ਦੇ ਉਸ ਖੇਤਰ ਦਾ ਮੁਲਾਂਕਣ ਕਰੇਗੀ ਜਿਸ ਦੀ ਜਾਂਚ ਦੀ ਲੋੜ ਹੈ।

ਮੁਲਾਂਕਣ ਟੀਮ ਤੁਹਾਡੀ ਸਮੁੱਚੀ ਮੁਲਾਕਾਤ ਦੌਰਾਨ ਤੁਹਾਡੀ ਸਹਾਇਤਾ ਕਰੇਗੀ, ਅਤੇ ਤੁਹਾਡੇ ਕਿਸੇ ਸੰਭਾਵੀ ਸਵਾਲਾਂ ਦਾ ਜਵਾਬ ਦੇਵੇਗੀ।

## ਮੇਰੀ ਮੁਲਾਕਾਤ ਨੂੰ ਕਿੰਨ੍ਹਾ ਕੁ ਸਮਾਂ ਲੱਗੇਗਾ?

ਕਿਰਪਾ ਕਰਕੇ ਆਪਣੀ ਮੁਲਾਕਾਤ ਵਾਸਤੇ ਅੱਧੇ ਦਿਨ ਤੱਕ ਦਾ ਸਮਾਂ ਰੱਖੋ।
ਅਸੀਂ ਤੁਹਾਡੀ ਕੰਮ ਦੀ ਜਗ੍ਹਾ ਵਾਸਤੇ ਹਾਜ਼ਰੀ ਦਾ ਸਰਟੀਫਿਕੇਟ ਵੀ ਪ੍ਰਦਾਨ ਕਰਵਾ ਸਕਦੇ ਹਾਂ।

## ਮੈਨੂੰ ਕਿਹੜੀਆਂ ਜਾਂਚਾਂ ਦੀ ਲੋੜ ਪਵੇਗੀ?

ਤੁਹਾਨੂੰ ਹੇਠ ਲਿਖੀਆਂ ਜਾਂਚਾਂ ਵਿੱਚੋਂ ਕੁਝ ਜਾਂ ਸਾਰੀਆਂ ਜਾਂਚਾਂ ਦੀ ਲੋੜ ਪਵੇਗੀ:

### 3D ਮੈਮੋਗਰਾਮ:

ਛਾਤੀਆਂ ਦੇ ਉਸ ਖੇਤਰ, ਜਿਸ ਦੀ ਜਾਂਚ ਦੀ ਲੋੜ ਹੁੰਦੀ ਹੈ, ਉਸ ਦੀ ਵਧੇਰੇ ਵਿਸਥਾਰ ਵਿੱਚ ਝਲਕ ਪ੍ਰਾਪਤ ਕਰਨ ਲਈ ਅਸੀਂ ਉੱਨਤ ਕਿਸਮ ਦੀ ਮੈਮੋਗਰਾਫੀ ਦੀ ਵਰਤੋਂ ਕਰਦੇ ਹਾਂ। ਇਸ ਨੂੰ 3D ਮੈਮੋਗ੍ਰਾਫੀ ਜਾਂ ਟੋਮੋਸਿੰਥੇਸਿਸ ਕਿਹਾ ਜਾਂਦਾ ਹੈ। 3D ਮੈਮੋਗ੍ਰਾਫੀ ਵੱਖ-ਵੱਖ ਕੋਣਾਂ ਤੋਂ ਬਹੁਤ ਸਾਰੇ ਐਕਸਰੇ (ਆਮ ਤੌਰ 'ਤੇ 11–25) ਲੈਂਦੀ ਹੈ ਅਤੇ 3D ਚਿੱਤਰ ਬਣਾਉਣ ਲਈ ਉਨ੍ਹਾਂ ਨੂੰ ਇਕੱਠਾ ਕਰਦੀ ਹੈ।

### ਛਾਤੀਆਂ ਦਾ ਅਲਟਰਾਸਾਊਂਡ:

ਅਸੀਂ ਤੁਹਾਡੀ ਛਾਤੀਆਂ ਦੇ ਟਿਸ਼ੂ ਨੂੰ ਵਧੇਰੇ ਵਿਸਥਾਰ ਵਿੱਚ ਦੇਖਣ ਲਈ ਅਲਟਰਾਸਾਊਂਡ ਦੀ ਵਰਤੋਂ ਕਰ ਸਕਦੇ ਹਾਂ। ਅਲਟਰਾਸਾਊਂਡ ਲੈਣ ਲਈ, ਅਸੀਂ ਛਾਤੀਆਂ 'ਤੇ ਜੈੱਲ ਲਗਾਉਂਦੇ ਹਾਂ ਅਤੇ ਤੁਹਾਡੀ ਚਮੜੀ ਉਪਰ ਪਰੌਬ ਰੱਖਦੇ ਹਾਂ। ਅਲਟਰਾਸਾਊਂਡ ਦਰਦਨਾਕ ਜਾਂ ਅਸਹਿਜ ਨਹੀਂ ਹੋਣੇ ਚਾਹੀਦੇ।

### ਛਾਤੀਆਂ ਦੀ ਜਾਂਚ:

ਕੋਈ ਡਾਕਟਰ ਛਾਤੀਆਂ ਵਿੱਚ ਕਿਸੇ ਤਬਦੀਲੀਆਂ ਦੀ ਜਾਂਚ ਕਰ ਸਕਦੀ ਹੈ ਜਿੰਨ੍ਹਾਂ ਨੂੰ ਉਹ ਦੇਖ ਸਕਦੀ ਜਾਂ ਮਹਿਸੂਸ ਕਰ ਸਕਦੀ ਹੈ।

### ਛਾਤੀਆਂ ਦੀ ਕੋਰ ਬਾਇਓਪਸੀ:

ਡਾਕਟਰ ਛਾਤੀਆਂ ਦੇ ਉਸ ਹਿੱਸੇ ਜਿਸ ਨੂੰ ਅਗਲੇਰੀ ਜਾਂਚ ਦੀ ਲੋੜ ਹੈ, ਤੋਂ ਸੈੱਲਾਂ ਜਾਂ ਟਿਸ਼ੂ ਦਾ ਛੋਟਾ ਜਿਹਾ ਨਮੂਨਾ ਲੈਣ ਲਈ ਸੂਈ ਦੀ ਵਰਤੋਂ ਕਰ ਸਕਦੀ ਹੈ। ਜੇ ਤੁਹਾਨੂੰ ਬਾਇਓਪਸੀ ਦੀ ਲੋੜ ਪੈਂਦੀ ਹੈ, ਤਾਂ ਉਸ ਸਮੇਂ ਤੁਹਾਨੂੰ ਵਧੇਰੇ ਜਾਣਕਾਰੀ ਦਿੱਤੀ ਜਾਵੇਗੀ।

ਕਿਰਪਾ ਕਰਕੇ ਕਿਸੇ ਵੀ ਚਿੰਤਾਵਾਂ ਬਾਰੇ ਸਾਡੀ ਟੀਮ ਨਾਲ ਵਿਚਾਰ-ਵਟਾਂਦਰਾ ਕਰੋ।

## ਮੇਰੀਆਂ ਚੋਣਾਂ ਕੀ ਹਨ?

ਤੁਸੀਂ ਕਿਸੇ ਵੀ ਸਮੇਂ ਆਪਣੀ ਸਹਿਮਤੀ ਵਾਪਸ ਲੈ ਸਕਦੇ ਹੋ ਅਤੇ ਜਾਂਚਾਂ ਨੂੰ ਬੰਦ ਕਰਨ ਲਈ ਕਹਿ ਸਕਦੇ ਹੋ।

## ਮੈਨੂੰ ਮੇਰੇ ਨਤੀਜੇ ਕਦੋਂ ਮਿਲਣਗੇ?

ਜ਼ਿਆਦਾਤਰ ਮਾਮਲਿਆਂ ਵਿੱਚ, ਅਸੀਂ ਤੁਹਾਡੀ ਮੁਲਾਕਾਤ ਵਾਲੇ ਦਿਨ ਤੁਹਾਡੇ ਨਤੀਜੇ ਦੇਣ ਦੇ ਯੋਗ ਹੋਵਾਂਗੇ। ਪਰ, ਬਾਇਓਪਸੀ ਦੇ ਨਤੀਜਿਆਂ ਨੂੰ 1 ਹਫ਼ਤੇ ਤੱਕ ਦਾ ਸਮਾਂ ਲੱਗ ਸਕਦਾ ਹੈ।

ਅਸੀਂ ਤੁਹਾਡੇ ਨਤੀਜਿਆਂ ਦੀ ਨਕਲ ਤੁਹਾਡੇ ਡਾਕਟਰ ਨੂੰ ਵੀ ਭੇਜਾਂਗੇ।

## ਅੱਗੇ ਕੀ ਹੁੰਦਾ ਹੈ?

ਜੇ ਸਾਨੂੰ ਛਾਤੀਆਂ ਦੇ ਕੈਂਸਰ ਦੇ ਕੋਈ ਸੰਕੇਤ ਨਹੀਂ ਮਿਲਦੇ, ਤਾਂ ਅਸੀਂ ਤੁਹਾਨੂੰ 2 ਸਾਲਾਂ ਵਿੱਚ ਛਾਤੀਆਂ ਦੀ ਸਕ੍ਰੀਨਿੰਗ ਲਈ ਵਾਪਸ ਆਉਣ ਲਈ ਸੱਦਾ ਦੇਵਾਂਗੇ।

ਅਸੀਂ ਛਾਤੀਆਂ ਦੇ ਕੈਂਸਰ ਵਾਲੇ ਗਾਹਕਾਂ ਦੀ ਥੋੜ੍ਹੀ ਜਿਹੀ ਗਿਣਤੀ ਵਿੱਚ ਰੋਗ ਦਾ ਪਤਾ ਲਗਾਉਂਦੇ ਹਾਂ, ਅਤੇ ਜੇ ਸਾਨੂੰ ਛਾਤੀਆਂ ਦਾ ਕੈਂਸਰ ਮਿਲਦਾ ਹੈ, ਤਾਂ ਅਸੀਂ ਲੱਭਤਾਂ ਅਤੇ ਅਗਲੇ ਕਦਮਾਂ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਤੁਹਾਨੂੰ ਕਿਸੇ ਡਾਕਟਰ ਅਤੇ ਨਰਸ ਸਲਾਹਕਾਰ ਨਾਲ ਮਿਲਣ ਦਾ ਇੰਤਜ਼ਾਮ ਕਰਾਂਗੇ।

ਫਿਰ ਅਸੀਂ ਤੁਹਾਨੂੰ ਵਾਪਸ ਤੁਹਾਡੇ ਬਕਾਇਦਾ ਡਾਕਟਰ ਕੋਲ ਭੇਜਾਂਗੇ, ਜੋ ਤੁਹਾਡੀ ਨਿਰੰਤਰ ਸੰਭਾਲ ਦਾ ਇੰਤਜ਼ਾਮ ਕਰੇਗੀ। ਜ਼ਿਆਦਾਤਰ ਛਾਤੀਆਂ ਦੇ ਕੈਂਸਰ ਸ਼ੁਰੂਆਤੀ ਪੜਾਅ 'ਤੇ ਹੁੰਦੇ ਹਨ। ਜਿੰਨੀ ਜਲਦੀ ਕੈਂਸਰ ਦਾ ਪਤਾ ਲੱਗਦਾ ਹੈ; ਵਧੇਰੇ ਸਫ਼ਲ ਇਲਾਜ ਹੋਣ ਦੀ ਸੰਭਾਵਨਾ ਹੁੰਦੀ ਹੈ।

ਵਧੇਰੇ ਜਾਣਕਾਰੀ ਲਈ, breastscreen.org.au 'ਤੇ ਜਾਓ।

# ਤੁਹਾਡੀ ਗੋਪਨੀਯਤਾ

BreastScreen Victoria ਵਿਖੇ, ਅਸੀਂ ਤੁਹਾਡੇ ਵੱਲੋਂ ਪ੍ਰਦਾਨ ਕੀਤੀ ਜਾਣਕਾਰੀ, ਅਤੇ ਤੁਹਾਡੇ ਜਾਂਚ ਦੇ ਨਤੀਜਿਆਂ ਦੀ ਵਰਤੋਂ ਛਾਤੀਆਂ ਦੇ ਕੈਂਸਰ ਦੀ ਜਾਂਚ ਕਰਨ ਲਈ ਕਰਦੇ ਹਾਂ, ਅਤੇ ਜਦ ਤੁਹਾਡੀ ਅਗਲੀ ਸਕ੍ਰੀਨਿੰਗ ਦੀ ਵਾਰੀ ਆਉਂਦੀ ਹੈ, ਤਾਂ ਯਾਦ ਦਿਵਾਉਣ ਵਾਲੇ ਸੁਨੇਹੇ ਭੇਜਦੇ ਹਾਂ। ਕੇਵਲ ਅਧਿਕਾਰਿਤ ਲੋਕਾਂ ਦੀ ਹੀ ਤੁਹਾਡੀ ਜਾਣਕਾਰੀ ਤੱਕ ਪਹੁੰਚ ਹੁੰਦੀ ਹੈ। ਅਸੀਂ ਕੇਵਲ ਅਜਿਹੀ ਜਾਣਕਾਰੀ ਦੀ ਵਰਤੋਂ ਕਰਾਂਗੇ, ਜਾਂ ਤੁਹਾਡੀ ਸਹਿਮਤੀ ਨਾਲ ਜਾਰੀ ਕਰਾਂਗੇ ਜੋ ਤੁਹਾਡੀ ਪਛਾਣ ਕਰਦੀ ਹੈ, ਜਾਂ ਜਿੱਥੇ ਸਾਨੂੰ ਕਾਨੂੰਨ ਦੁਆਰਾ ਅਜਿਹਾ ਕਰਨ ਦੀ ਲੋੜ ਹੁੰਦੀ ਹੈ। ਖੋਜ ਵਾਸਤੇ ਤੁਹਾਡੀ ਜਾਣਕਾਰੀ ਤੱਕ ਪਹੁੰਚ ਕੇਵਲ ਨੈਤਿਕ ਮਨਜ਼ੂਰੀ ਦੇ ਨਾਲ ਪ੍ਰਦਾਨ ਕੀਤੀ ਜਾਵੇਗੀ। breastscreen.org.au/privacy ਤੇ ਜਾਓ।

# breastscreen.org.au ‘ਤੇ ਬੁੱਕ ਕਰੋ ਜਾਂ 13 20 50 ‘ਤੇ ਫ਼ੋਨ ਕਰੋ

**ਸੁਣਨ ਲਈ ਸਕੈਨ ਕਰੋ: Behind the Screen ਪੋਡਕਾਸਟ**

ਸੁਣਨ ਜਾਂ ਬੋਲਣ ਵਿੱਚ ਮੁਸ਼ਕਿਲਾਂ: **TTY 13 36 77**

ਦੁਭਾਸ਼ੀਆ ਸਹਾਇਤਾ: **13 14 50**

ਅਨੁਵਾਦ ਕੀਤੀ ਜਾਣਕਾਰੀ:
**breastscreen.org.au/translations**

BreastScreen Victoria, ਵਿਕਟੋਰੀਆ ਸਰਕਾਰ ਦੇ ਸਹਿਯੋਗ ਨੂੰ ਸਵੀਕਾਰ ਕਰਦੀ ਹੈ।

© 2026 BreastScreen Victoria.
ਸਾਰੇ ਹੱਕ ਰਾਖਵੇਂ ਹਨ

**ਮਾਰਚ 2026** BR12/0326